## <u>ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ), ਪੰਜਾਬ।</u>

<u>ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ.ਏ.ਐਸ. ਨਗਰ</u>

ਹੁਕਮ ਨੰ: 11/27-2015 ਅਮਲਾ-1(3-8)/4063-4088 ਮਿਤੀ :- 19-7-2016

ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਦੀ ਸਿਫ਼ਾਰਸ਼ ਤੇ ਤੁਹਾਨੂੰ ਬਤੌਰ ਲੈਕਚਰਾਰ **ਬਾਇਓਲੋਜੀ** ਚੁਣੇ ਜਾਣ ਤੇ ਸਰਕਾਰ ਦੀ ਅਧਿਸੂਚਨਾ ਨੰ: 7/204/2012-4 ਐਫ.ਪੀ1/66 ਮਿਤੀ 15.1.15 ਰਾਹੀਂ ਕੀਤੇ ਗਏ ਉਪਬੰਧਾ ਅਨੁਸਾਰ ਪਰਖ ਕਾਲ ਦੇ ਸਮੇ ਦੌਰਾਨ ਪੇ ਬੈਂਡ 10300-34800 ਵਿੱਚ ਮੁਢਲੀ ਤਨਖਾਹ ਰੁਪਏ 10300/- ਤੇ ਬਿਨਾ ਕਿਸੇ ਗਰੇਡ ਪੇ ਅਤੇ ਹੋਰ ਭੱਤੇ ਦੇ ਹੇਠ ਲਿਖੀਆਂ ਸ਼ਰਤਾਂ ਅਧੀਨ ਨਿਯੁਕਤੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਚੋਣ ਸੂਚੀ ਦੇ ਰਿਕਾਰਡ ਅਨੁਸਾਰ ਤੁਹਾਡੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

### Gen

| Sr No | Registration Number | Name | Father Name | Mother Name | Date of Birth | Category | Merit | Station |
|---|---|---|---|---|---|---|---|---|
| 1 | 30316190 | NAVEEN PAL GULATI | SURINDER PAL GULATI | ASHA RANI | 06-Feb-75 | GENERAL | 236 | Kirtowal, Trn, Absent |
| 2 | 30343154 | NEETA PANDHU | CHANAN RAM | CHHINDER PAL | 13-Aug-78 | GENERAL | 227 | Nihal Khera, Fzk |
| 3 | 30349096 | SUKHDEEP KAUR | DAVINDER PAL SINGH | RAJWINDER KAUR | 18-Sep-85 | GENERAL | 227 | Kokri Kalan, Moga |
| 4 | 30324357 | ROHINI GUPTA | VINOD KUMAR | ANITA GARG | 25-Sep-85 | GENERAL | 226 | Jhurar, Mkt |
| 5 | 30343523 | RENU BALA | KASHMIR LAL | KRISHNA KHURANA | 13-Jan-81 | GENERAL | 224 | Bundala Boys, Jal |
| 6 | 30336227 | HARNEET BILLING | SHER SINGH BILLING | GURDEEP KAUR | 20-Jan-81 | GENERAL | 224 | Jakhepal, Sng |
| 7 | 30331711 | JASLEEN RANDHAWA | G S RANDHAWA | P K RANDHAWA | 24-Aug-81 | GENERAL | 224 | Kalewala, Moga |
| 8 | 30399843 | GAURAV BHALLA | ASHWANI KUMAR BHALLA | POONAM BHALLA | 28-Oct-90 | GENERAL | 223 | Bajidpur, Fzr |
| 9 | 30381568 | NISHA RANI | PREMPAUL BAWA | SHASHI BALA | 04-Sep-83 | GENERAL | 222 | Bilaspur, Moga |
| 10 | 30315692 | MANINDER KAUR | GURDIAL SINGH | AMARJIT KAUR | 18-Jun-87 | GENERAL | 221 | Dodhar, Moga |
| 11 | 30317340 | PRATIBHA MISSER | DINESH MISSER | VIPAL MISSER | 15-Nov-80 | GENERAL | 219 | Jethuwal, Asr |
| 12 | 30336264 | SIMRANDEEP KAUR | BALBIR SINGH | SHUSHEEL KAUR | 02-Dec-81 | GENERAL | 219 | Kishanpura, Moga |
| 13 | 30356355 | RAVDEEP KAUR | SEWA SINGH | HARJIT KAUR | 08-Apr-79 | GENERAL | 218 | JBT School Ahemadpur, Mansa |
| 14 | 30366741 | AMITA KHILLAN | SUDESH KUMAR KHILLAN | SANTOSH KHILLAN | 14-Oct-83 | GENERAL | 218 | Mehmood Khera, Mkt |

### SC M&B

| | | | | | | | | |
|---|---|---|---|---|---|---|---|---|
| 1 | 30331934 | HARVIR KAUR | JASWINDER SINGH | BALWINDER KAUR | 18-Feb-89 | SC (M&B) | 200 | Patto Hira Singh, Moga |
| 2 | 30355475 | KANCHAN KUMARI | NASEEB CHAND | SUBHASH | 04-Jun-87 | SC (M&B) | 196 | Mallian, Asr |
| 3 | 30400835 | REBECCA SAGAR | VIDYA SAGAR | DALFINA SAGR | 04-Oct-83 | SC (M&B) | 193 | Tarsikka, Asr |

### SC R&O

| | | | | | | | | |
|---|---|---|---|---|---|---|---|---|
| 1 | 30388097 | RIPAN BALA | SATDEV | SHANTI DEVI | 01-Jan-80 | SC (R&O) | 209 | Wadala Granthia, Gsp |
| 2 | 30312463 | PIARA SINGH | KULWANT SINGH | CHARANJEET KAUR | 15-Nov-79 | SC (R&O) | 204 | Arif ke, Fzr |
| 3 | 30377498 | AMARJIT KAUR | LACHHMAN CHAND | MOHINDER KAUR | 04-Jul-82 | SC (R&O) | 204 | Ghanie ke Bangar, Gsp |
| 4 | 30332439 | ROMINDERJIT KAUR | AJIT SINGH | JOGINDER KAUR | 28-Dec-76 | SC (R&O) | 199 | Chamiari, Asr |

### BC

| | | | | | | | | |
|---|---|---|---|---|---|---|---|---|
| 1 | 30331871 | RUPINDER KAUR | SATPAL SINGH | RAJINDER KAUR | 10-Jul-88 | BC | 216 | Rodde, Moga |
| 2 | 30347287 | NISHA | NARINDERJIT SINGH | HARJEET KAUR | 26-Jul-85 | BC | 206 | Bhikhiwind Trn |

| | | | | | | | | |
|---|---|---|---|---|---|---|---|---|
| 3 | 30335011 | TARANDEEP KAUR | DALBIR SINGH | RAJWINDER KAUR | 06-Oct-91 | BC | 202 | **Bhaini Mian Khan, Gsp** |

**Gen-EX**

| | | | | | | | | |
|---|---|---|---|---|---|---|---|---|
| 1 | 30311295 | GAGANDEEP KAUR | TARA SINGH | JASWINDER KAUR | 16-Apr-86 | EX.SERVICEMAN (GENERAL) | 170 | **Fatehgarh Panj Toor, Moga** |

**HC**

| | | | | | | | | |
|---|---|---|---|---|---|---|---|---|
| 1 | 30383280 | HARPREET BOPARAI | KULDIP SINGH | DAVINDER KAUR | 25-Nov-80 | HANDICAPED (ORTHO) | 194 | **Taragarh Begowal, ptk** |

## <u>ਸਰਤਾਂ</u>

1. ਕਿ ਇਹ ਸਪੱਸ਼ਟ ਰੂਪ ਵਿੱਚ ਸਮਝ ਲੈਣਾ ਚਾਹੀਦਾ ਕਿ ਇਹ ਪੇਸਕਸ ਅਸਥਾਈ/ਪ੍ਰੋਵੀਜਨਲ ਖਾਲੀ ਆਸਾਮੀ ਤੇ ਹੈ ਇਸ ਲਈ ਪੱਕੀ ਨੌਕਰੀ ਦਾ ਕੋਈ ਇਕਰਾਰ ਨਹੀਂ ਹੈ। ਉਸ ਨੂੰ ਬਿਨਾ ਨੋਟਿਸ ਦਿੱਤੇ ਨੌਕਰੀ ਤੋਂ ਵੱਖ ਕੀਤਾ ਜਾ ਸਕਦਾ ਹੈ। ਅਰਥਾਤ ਜਦੋਂ ਅਜਿਹੀ ਕੋਈ ਖਾਲੀ ਆਸਾਮੀ ਕਾਇਮ ਨਾ ਹੋਵੇ ਜਿਸ ਉਪਰ ਉਸ ਨੂੰ ਕਾਇਮ-ਮੁਕਾਮ ਤੌਰ ਤੇ ਲਗਾਇਆ ਜਾ ਸਕੇ।
2. ਕਿ ਉਹ ਕਿਸੇ ਮੌਕੇ ਤੇ ਆਪਣੀ ਨੌਕਰੀ ਤੋਂ ਅਸਤੀਫਾ ਦੇਣਾ ਚਾਹੇ ਤਾਂ ਉਸ ਲਈ ਲਾਜਮੀ ਹੋਵੇਗਾ ਕਿ ਉਹ ਵਿਭਾਗ ਨੂੰ ਇਕ ਮਹੀਨੇ ਦਾ ਨੋਟਿਸ ਦੇਵੇ, ਜਾਂ ਉਸ ਦੇ ਬਦਲੇ ਉਸ ਨੂੰ ਸਾਰੇ ਭੱਤਿਆਂ ਸਮੇਤ ਇਕ ਮਹੀਨੇ ਦੀ ਜਾਂ ਜਿਤਨੇ ਦਿਨ ਇਕ ਮਹੀਨੇ ਤੋਂ ਘੱਟ ਹੋਣਗੇ, ਦੀ ਤਨਖਾਹ ਜਮਾਂ ਕਰਾਉਣੀ ਪਵੇਗੀ। ਉਪਰੋਕਤ ਦਰਸਾਈ ਸ਼ਰਤ ਨੰ:1 ਵਿੱਚ ਦੱਸੇ ਕਾਰਨ ਸਿਵਾਏ ਕਿਸੇ ਹੋਰ ਕਾਰਨ ਲਈ ਉਸ ਨੂੰ ਨੌਕਰੀ ਤੋਂ ਜਵਾਬ ਦੇਣਾ ਪਿਆ ਤਾਂ ਸਰਕਾਰ / ਵਿਭਾਗ ਵੀ ਉਸ ਨੂੰ ਅਜਿਹਾ ਨੋਟਿਸ ਦੇਵੇਗਾ। ਅਨੁਸਾਸਨੀ ਕਾਰਵਾਈ ਦੀ ਸੂਰਤ ਵਿੱਚ ਉਸ ਨੂੰ ਨੌਕਰੀ ਤੋਂ ਅਲਗ ਕਰਨ ਤੋਂ ਆਪਣੀ ਸਫਾਈ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ। ਅਜਿਹੇ ਹਾਲਾਤ ਵਿੱਚ ਇਕ ਮਹੀਨੇ ਦੇ ਨੋਟਿਸ ਵਾਲੀ ਸ਼ਰਤ ਲਾਗੂ ਹੋਵੇਗੀ।
3. ਕਰਮਚਾਰੀ ਦੇ ਖਿਲਾਫ ਕੋਈ ਪੁਲਿਸ ਤਫਤੀਸ/ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਪ੍ਰਾਰਥੀ ਵਲੋਂ ਸਵੈ ਘੋਸ਼ਣਾ ਪੱਤਰ (Self Declaration) ਦਿੱਤਾ ਜਾਵੇਗਾ।
4. ਕਰਮਚਾਰੀ ਭਾਰਤ ਦੇ ਸੰਵਿਧਾਨ ਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁਕਣ ਸਬੰਧੀ ਹਲਫਨਾਮਾ ਦੇਵੇਗਾ।
5. ਕਰਮਚਾਰੀ ਜਿਲੇ ਦੇ ਸਬੰਧਤ ਸਿਵਲ ਸਰਜਨ ਵੱਲੋ ਫਿਟਨੈਸ ਸਰਟੀਫਿਕੇਟ ਪੇਸ ਕਰੇਗਾ।
6. ਕਰਮਚਾਰੀ ਦੇ ਚਾਲ ਚਲਣ ਸਬੰਧੀ ਤਸਦੀਕ ਸਬੰਧਤ ਜਿਲਾ ਮੈਜਿਸਟ੍ਰੇਟ ਤੋ ਕਰਵਾਉਣ ਉਪਰੰਤ ਮੰਨੀ ਜਾਵੇਗੀ। ਜੇਕਰ ਤਸਦੀਕੀ ਉਪਰੰਤ ਕਰਮਚਾਰੀ/ਕਰਮਚਾਰਨ ਦੇ ਵਿਰੁੱਧ ਚਾਲ ਚੱਲਣ ਸਬੰਧੀ ਕੋਈ ਸਿਕਾਇਤ ਧਿਆਨ ਵਿੱਚ ਆਈ ਤਾਂ ਆਪ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰ ਦਿਤੀਆ ਜਾਣਗੀਆਂ। ਉਸਦੀ ਵੈਰੀਫਿਕੇਸਨ ਰਿਪੋਰਟ ਪ੍ਰਾਪਤ ਹੋਣ ਤੇ ਹੀ ਉਸਦੀ ਤਨਖਾਹ ਰਲੀਜ ਕੀਤੀ ਜਾਵੇਗੀ।
7. ਕਿ ਇਹ ਸਪੱਸ਼ਟ ਰੂਪ ਵਿੱਚ ਦਸਿਆ ਜਾਂਦਾ ਹੈ ਕਿ ਉਹ ਪਹਿਲਾਂ ਪ੍ਰਵਾਨਗੀ ਲਏ ਬਿਨਾ ਕਿਸੇ ਪ੍ਰਕਾਰ ਦੀ ਉਚੇਰੀ ਵਿਦਿਆ ਹਾਸਲ ਨਹੀਂ ਕਰੇਗਾ।
8. ਕਿ ਉਹ ਪੈਰਾ-1 ਵਿੱਚ ਦਰਸਾਏ ਸਰਕਾਰ ਦੇ ਪੱਤਰਾਂ ਵਿੱਚ ਦਰਜ ਸ਼ਰਤਾਂ ਪੂਰੀ ਕਰਦਾ ਹੋਵੇ। ਜੇਕਰ ਕਿਸੇ ਸਮੇਂ ਵੀ ਵਿਭਾਗ ਦੇ ਨੋਟਿਸ ਵਿੱਚ ਆਇਆ ਕਿ ਉਹ ਉਪਰ ਦਰਸਾਏ ਪੱਤਰਾਂ ਦੀਆਂ ਸਰਤਾਂ ਪੂਰੀਆਂ ਨਹੀਂ ਕਰਦੇ ਤਾਂ ਉਸ ਦੀਆਂ ਸੇਵਾਵਾਂ ਇਕ ਮਹੀਨੇ ਦਾ ਨੋਟਿਸ ਦੇਕੇ ਖਤਮ ਕਰ ਦਿਤੀਆਂ ਜਾਣਗੀਆਂ।
9. ਕਰਮਚਾਰੀ ਲੈਕਚਰਾਰ ਕਾਡਰ ਵਿੱਚ ਸਬੰਧਤ ਵਿਸੇ ਦੀਆ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸਨਲ ਯੋਗਤਾਵਾ ਪੂਰੀਆ ਕਰਦਾ ਹੋਵੇ। ਡਿਸਟੈਂਸ ਮੋਡ ਰਾਹੀ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction) ਵਿਚ ਹੀ ਕੀਤੀ ਹੋਵੇ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ ਸਹੀ ਨਹੀ ਪਾਇਆ ਜਾਂਦਾ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋ ਬਰਖਾਸਤ ਕਰ ਦਿਤਾ ਜਾਵੇਗਾ।
10. ਕਰਮਚਾਰੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ ਦੁਆਰਾ ਸੋਪੀ ਗਈ ਕੋਈ ਵੀ ਜਿਮੇਵਾਰੀ ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਈਜਰ, ਸੁਪਰਡੰਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਵੱਜੋ ਦਿੱਤੀ ਗਈ ਜਿਮੇਵਾਰੀ ਹੋਰ ਸਕੂਲ ਦੀਆਂ ਜਿਮੇਵਾਰੀਆਂ ਦੇ ਇੱਕ ਹਿੱਸੇ ਵੱਜੋ ਨਿਭਾਉਣੀ ਪਵੇਗੀ।
11. ਕਰਮਚਾਰੀ ਨੂੰ ਨਿਯੁਕਤੀ ਵਾਲੀ ਥਾਂ ਤੇ ਹਾਜਰ ਹੋਣ ਲਈ ਕੋਈ ਟੀ.ਏ/ਡੀ.ਏ ਨਹੀ ਦਿਤਾ ਜਾਵੇਗਾ।
12. ਇਹ ਨਿਯੁਕਤੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਰਖ ਸਮੇ ਲਈ ਪ੍ਰੋਬੇਸਨਰੀ ਹੋਵੇਗੀ। ਇਸ ਸਮੇ ਦੋਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਾ ਪਇਆ ਗਿਆ ਤਾਂ ਬਿਨ੍ਹਾਂ ਨੋਟਿਸ ਦਿਤੇ ਨੋਕਰੀ ਤੋ ਕੱਢ ਦਿੱਤਾ ਜਾਵੇਗਾ।
13. ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸਨ ਨੰ: 11/9402-4ਪੀ.ਪੀ 2/650 ਮਿਤੀ 12-01-2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਊ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਹੋਵੇਗੀ।
14. ਤੁਹਾਨੂੰ ਨਿਯੁਕਤੀ ਸਬੰਧੀ ਹਾਜਰ ਹੋਣ ਸਮੇਂ ਹੇਠ ਲਿਖੇ ਦਸਤਾਵੇਜ ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਕੋਲ ਜਮਾਂ ਕਰਾਉਗੇ ।
    - ੳ) ਪੰਜਾਬੀ ਵਿਸੇ ਨਾਲ ਦਸਵੀਂ ਪਾਸ ਕਰਨ ਦਾ, ਅਕਾਦਮਿਕ ਅਤੇ ਕਿੱਤਾ ਯੋਗਤਾਵਾ ਸਬੰਧੀ ਸਬੂਤ ।
    - ਅ) ਤੁਹਾਨੂੰ ਆਚਰਣ ਸਬੰਧੀ ਤੁਹਾਡੇ ਦੁਆਰਾ ਆਖਰੀ ਸੰਸਥਾ ਜਿਸ ਵਿੱਚ ਤੁਸੀ ਹਾਜਰ ਰਹੇ ਹੋ, ਦੇ ਸਕੂਲ/ਕਾਲਜ ਅਤੇ ਯੂਨੀਵਰਸਿਟੀ ਦੇ ਅਕਾਦਮਿਕ ਮੁੱਖ ਅਫਸਰ ਦੁਆਰਾ ਦਿੱਤਾ ਆਚਰਣ ਸਬੰਧੀ ਸਰਟੀਫਿਕੇਟ ਅਤੇ ਦੋ ਜਿਮੇਵਾਰ ਵਿਆਕਤੀਆਂ ਵੱਲੋਂ, ਜੋ ਤੁਹਾਡੇ ਰਿਸਤੇਦਾਰ ਨਾ ਹੋਣ ਅਤੇ ਤੁਹਾਨੂੰ ਚੰਗੀ ਤਰਾਂ ਜਾਣਦੇ ਹੋਣ ਦੁਆਰਾ ਦਿੱਤਾ ਗਿਆ ਸਰਟੀਫਿਕੇਟ।
    - ੲ) ਇਕ ਅਜਿਹਾ ਹਲਫਨਾਮਾ ਜਿਸ ਵਿਚ ਇਹ ਦਰਜ ਹੋਵੇ ਕਿ ਤੁਹਾਨੂੰ ਕਿਸੇ ਸਿਵਲ ਜਾਂ ਫੌਜਦਾਰੀ ਕੋਰਟ ਅਨੁਸਾਰ ਦੋਸ਼ੀ ਨਹੀ ਠਹਿਰਾਇਆ ਗਿਆ ਅਤੇ ਕਿਸੇ ਵੀ ਕਾਰਨ ਤੁਹਾਨੂੰ ਰਾਜ/ ਭਾਰਤ ਸਰਕਾਰ ਜਾਂ ਕਿਸੇ ਹੋਰ ਅਦਾਰੇ ਵੱਲੋ ਨੌਕਰੀ ਵਿਚੋ ਨਹੀ ਕੱਢਿਆ ਗਿਆ।
15. ਕਰਮਚਾਰੀ ਨੂੰ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਂਵਲੀ 1966 ਅਤੇ ਪੰਜਾਬ ਸਿਵਲ ਸਰਵਿਸਜ (ਦੰਡ ਅਤੇ ਅਪੀਲ) ਰੂਲਜ 1970 ਵਿੱਚ ਦਰਜ ਧਾਰਵਾਂ ਦਾ ਪਾਬੰਦ ਰਹਿਣਾ ਪਵੇਗਾ।
16. ਕਰਮਚਾਰੀ ਵੱਲੋ ਜੇਕਰ ਪੇਸ ਕੀਤਾ ਕੋਈ ਸਰਟੀਫਿਕੇਟ, ਦਸਤਾਵੇਜ ਸਹੀ ਨਹੀ ਪਾਇਆ ਜਾਂਦਾ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋ ਬਰਖਾਸਤ ਕਰ ਦਿਤਾ ਜਾਵੇਗਾ।
17. ਇਹ ਸਟੇਸ਼ਨ ਆਪ ਜੀ ਤੋਂ ਚੋਣ ਕਰਵਾ ਕੇ ਦਿੱਤਾ ਜਾ ਰਿਹਾ ਹੈ। ਇਸ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।
18. ਇਸ ਭਰਤੀ ਨਾਲ ਸਬੰਧਤ ਵੱਖ- ਵੱਖ ਅਦਾਲਤਾ ਵਿਚ ਚਲ ਰਹੇ ਕੋਰਟ ਕੇਸਾ ਦੇ ਫੈਸਲੇ ਇਸ ਨਿਯੁਕਤੀ ਤੇ ਲਾਗੂ ਹੋਣਗੇ।

ਜੇਕਰ ਤੁਸੀ ਉਪਰੋਕਤ ਦਰਸਾਈਆਂ ਸ਼ਰਤਾਂ ਅਧੀਨ ਇਸ ਨਿਯੁਕਤੀ ਨੂੰ ਸਵੀਕਾਰ ਕਰਦੇ ਹੋ ਤਾਂ ਤੁਹਾਨੂੰ ਇਹ ਨਿਯੁਕਤੀ ਪੱਤਰ ਪ੍ਰਾਪਤ ਹੋਣ ਤੇ ਤੁਰੰਤ ਉਸ ਜਿਲੇ ਦੇ ਜਿਲਾ ਸਿਖਿਆ ਅਫਸਰ ਨੂੰ ਰਿਪੋਰਟ ਕਰੋਗੇ ਜਿਸ ਜਿਲੇ ਵਿਚ ਤੁਹਾਡੀ ਪਹਿਲੀ ਨਿਯੁਕਤੀ ਕਿਤੀ ਗਈ ਹੈ। ਪਰ ਇਹ ਨਿਯੁਕਤੀ ਦੀ ਪੇਸ਼ਕਸ਼ ਪ੍ਰਾਪਤ ਹੋਣ ਦੇ 15 ਦਿਨਾਂ ਤੋ ਬਾਅਦ ਨਾ ਹੋਵੇ। ਜੇਕਰ ਤੁਸੀਂ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਰਿਪੋਰਟ ਨਹੀ ਦਿੰਦੇ/ ਡਿਊਟੀ ਲਈ ਹਾਜਰ ਨਹੀ ਹੁੰਦੇ, ਤਾਂ ਇਹ ਨਿਯੁਕਤੀ ਪੱਤਰ ਰੱਦ ਸਮਝਿਆ ਜਾਵੇਗਾ।

**ਬਲਬੀਰ ਸਿੰਘ ਢੋਲ**
**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ**

ਪਿਠ ਅੰਕਣ ਨੰ: ਉਕਤ ਮਿਤੀ :-19-7-2016

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ ਨਾਭਾ / ਜਲੰਧਰ / ਫਰੀਦਕੋਟ
2. ਸਬੰਧਤ ਸਿਵਲ ਸਰਜਨ, ਸਬੰਧਤ ਉਮੀਦਵਾਰ ਦਾ ਡਾਕਟਰੀ ਮੁਆਇਨਾ ਕਰਕੇ, ਇਸ ਮੁਆਇਨੇ ਦੀ ਰਿਪੋਰਟ ਉਸਦੇ ਹੱਥਾਂ ਵਿੱਚ ਦਿੱਤੀ ਜਾਵੇ।
3. ਸਬੰਧਤ ਜਿਲਾ ਸਿਖਿਆ ਅਫਸਰ (ਸੈਸਿ), ਉਮੀਦਵਾਰ ਨੂੰ ਹਾਜਰ ਕਰਾਉਣ ਤੋ ਪਹਿਲਾਂ ਉਸ ਦੀਆਂ ਵਿਦਿਅਕ ਯੋਗਤਾਵਾਂ ਸੰਬਧੀ ਅਸਲ ਸਰਟੀਫਿਕੇਟ ਬਰੀਕੀ

ਨਾਲ ਚੈਕ ਕਰਨਗੇ, ਇਹ ਵੀ ਚੈਕ ਕਰਨਗੇ ਕਿ ਡਿਸਟੈਂਸ ਮੋਡ ਰਾਹੀ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤਰ (Jurisdiction) ਵਿਚ ਹੀ ਕੀਤੀ ਹੋਵੇ ਅਤੇ ਇਹ ਵੀ ਚੈਕ ਕਰਨਗੇ ਕਿ ਉਮੀਦਵਾਰ ਨਿਯੁਕਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਉਮੀਦਵਾਰ ਦੇ ਸਾਰੇ ਵਿਦਿਅਕ ਯੋਗਤਾਵਾਂ ਦੇ ਸਰਟੀਫਿਕੇਟ ਸਬੰਧਤ ਬੋਰਡ/ ਯੂਨੀਵਰਸੀਟੀ ਤੋ ਤਿੰਨ ਮਹਿਨੇ ਦੇ ਅੰਦਰ ਅੰਦਰ ਵੈਰੀਫਾਈ ਕਰਵਾਏ ਜਾਣ। ਅਗਰ ਇਸ ਸਬੰਧ ਵਿਚ ਕੋਈ ਫੀਸ ਬੋਰਡ/ ਯੂਨੀਵਰਸੀਟੀ ਵਲੋਂ ਲਈ ਜਾਂਦੀ ਹੇ ਤਾਂ ਹੈ ਤਾਂ ਉਹ ਸਬੰਧਤ ਉਮੀਦਵਾਰ ਵਲੋਂ ਜਮਾਂ ਕਰਵਾਈ ਜਾਵੇਗੀ।

4. ਸਬੰਧਤ ਸਕੂਲ ਮੁੱਖੀ।
5. ਸਬੰਧਤ ਉਮੀਦਵਾਰ।

ਜਾਰੀ ਕਰੋ 19-7-16

ਸੁਪਰਡੰਟ ਅਮਲਾ-1